# ਪਰਾਲੀ ਨੂੰ ਸ਼ਕਤੀ ਵਿਚ ਬਦਲਣ ਵਾਲੀ ਆਧੁਨਿਕ ਮਸ਼ੀਨ 'ਪਾਈਰੋਫਾਰਮਰ' ਦਾ ਪ੍ਰਦਰਸ਼ਨ





*ਆਈ. ਆਈ. ਟੀ. ਰੂਪਨਗਰ ਵਿਖੇ ਪਰਾਲੀ ਨੂੰ ਸ਼ਕਤੀ ਵਿਚ ਬਦਲਣ ਵਾਲੀ ਮਸ਼ੀਨ 'ਪਾਈਰੋਫਾਰਮਰ' ਦੀ ਖੋਜ 'ਤੇ ਹੋਏ ਸੈਮੀਨਾਰ ਦੇ ਦ੍ਰਿਸ਼, ਇਸ ਆਧੁਨਿਕ ਮਸ਼ੀਨ ਦੇ ਪ੍ਰਦਰਸ਼ਨ ਦਾ ਉਦਘਾਟਨ ਕਰਦੇ ਹੋਏ ਡਿਪਟੀ ਹਾਈ ਕਮਿਸ਼ਨਰ ਡੇਵਿਡ ਲੈਲੀਓਟ*

ਰੂਪਨਗਰ, 2 ਜੁਲਾਈ (ਸਵਰਨ ਸਿੰਘ ਭੰਗੂ)- ਸਥਾਨਕ ਆਈ. ਆਈ. ਟੀ. ਵਿਖੇ ਅਸਟਨ ਯੂਨੀਵਰਸਿਟੀ ਬਰਮਿੰਘਮ (ਇੰਗਲੈਂਡ) ਅਤੇ ਆਈ. ਆਈ. ਟੀ. ਰੂਪਨਗਰ ਦੇ ਸਾਂਝੇ ਯਤਨਾਂ ਨਾਲ, ਕਣਕ ਅਤੇ ਝੋਨੇ ਦੀ ਪਰਾਲੀ ਨੂੰ ਸ਼ਕਤੀ ਵਿਚ ਤਬਦੀਲ ਕਰਨ ਵਾਲੀ ਮਸ਼ੀਨ 'ਪਾਈਰੋਫਾਰਮਰ' ਦੀ ਖੋਜ ਵਿਸ਼ੇ 'ਤੇ ਸੈਮੀਨਾਰ ਕਰਾਇਆ ਗਿਆ। ਇਸ ਸੈਮੀਨਾਰ ਵਿਚ ਬਰਤਾਨੀਆ ਦੇ ਚੰਡੀਗੜ੍ਹ ਸਥਿਤ ਡਿਪਟੀ ਹਾਈ ਕਮਿਸ਼ਨ ਡੇਵਿਡ ਲੈਲੀਓਟ ਅਤੇ ਪੰਜਾਬ ਰਾਈਟ ਟੂ ਸਰਵਿਸ ਕਮਿਸ਼ਨ ਦੇ ਕਮਿਸ਼ਨਰ ਐਸ. ਸੀ. ਅਗਰਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੈਮੀਨਾਰ ਦੌਰਾਨ ਉਕਤ ਯੂਨੀਵਰਸਿਟੀ ਦੇ ਪ੍ਰਬੰਧਕੀ ਡੀਨ ਪ੍ਰੋ: ਰਾਬਰਟ ਬੇਰੀ ਨੇ ਦੱਸਿਆ ਕਿ ਭਾਰਤ ਵਿਚ ਕਿਸਾਨ ਹਰ ਸਾਲ 116 ਮਿਲੀਅਨ ਮੀਟਰਿਕ ਟਨ ਪਰਾਲੀ ਖੇਤਾਂ ਵਿਚ ਹੀ ਸਾੜ ਦਿੰਦੇ ਹਨ। ਅਜਿਹਾ ਹੋਣ ਨਾਲ ਫਸਲਾਂ ਲਈ ਉਪਯੋਗੀ ਕੀਟ ਸੜ ਮਰਦੇ ਹਨ, ਧਰਤੀ 'ਤੇ ਤਪਸ਼ ਵਧਦੀ ਹੈ, ਧੂੰਏ ਨਾਲ ਵਾਤਾਵਰਨ ਪਲੀਤ ਹੁੰਦਾ ਹੈ, ਮਨੁੱਖ ਸਮੇਤ ਜੀਵ-ਜੰਤੂਆਂ ਦੀ ਸਿਹਤ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਮੇਜ਼ਬਾਨ ਸੰਸਥਾ ਦੇ ਸਹਿਯੋਗ ਨਾਲ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਮਸ਼ੀਨ 'ਪਾਈਰੋਫਾਰਮਰ' ਪੰਛੂ ਭਾਰਤ ਲਈ ਬੇਹੱਦ ਲਾਹੇਵੰਦੀ ਦੀ ਹਰ ਸਮਰਥਾ ਰੱਖਦੀ ਹੈ। ਇਸ ਮੌਕੇ 'ਤੇ ਅਸਟਨ ਯੂਨੀਵਰਸਿਟੀ ਦੇ ਯੂਰਪੀਨ ਬਾਇਓਅਨਰਜੀ ਰਿਸਰਚ ਇੰਸਟੀਚਿਊਟ ਦੇ ਡਾਇਰੈਕਟਰ ਅੰਡਰੀਸ ਹੌਰਨੁੰਗ ਨੇ ਕਿਹਾ ਕਿ ਨਿਰਮਾਣ ਹੋਈ ਇਹ ਅਨੋਖੀ ਮਸ਼ੀਨ ਹੁਣ ਬੇਅਰਥ ਸਮਝੀ ਜਾਂਦੀ ਪਰਾਲੀ ਦਾ ਮੁੱਲ ਪਾਏਗੀ, ਇਹ ਮਸ਼ੀਨ ਕਿਸਾਨੀ ਦੇ ਕੰਮ ਆਉਣ ਲਈ ਬਿਜਲੀ ਵੀ ਪੈਦਾ ਕਰੇਗੀ, ਡੀਜ਼ਲ ਵਾਂਗ ਕੰਮ ਆਉਣ ਵਾਲਾ ਤੇਲ ਵੀ ਪੈਦਾ ਕਰੇਗੀ ਅਤੇ ਖਾਦ ਵੀ।

ਉਨ੍ਹਾਂ ਦੱਸਿਆ ਕਿ ਇਸ ਮਸ਼ੀਨ ਨੂੰ ਬਣਾਉਣ ਵਿਚ ਵਾਤਾਵਰਨ ਲਈ ਕੰਮ ਕਰ ਰਹੇ, ਇੰਗਲੈਂਡ ਦੇ 'ਉਗਲਿਸਬੇ ਚੈਰੀਟੇਬਲ ਟਰਸਟ' ਨੇ ਵਿੱਤੀ ਸਹਾਇਤਾ ਕੀਤੀ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਆਈ. ਆਈ. ਟੀ. ਦੇ ਨਿਰਦੇਸ਼ਕ ਪ੍ਰੋ: ਐਮ. ਕੇ. ਸੁਰੱਪਾ ਨੇ ਕਿਹਾ ਕਿ ਦੋਹਾਂ ਸੰਸਥਾਵਾਂ ਨੇ ਮਿਲ ਕੇ ਅਣਥੱਕ ਕੋਸ਼ਿਸ਼ ਵਜੋਂ ਇਹ ਵਕਾਰੀ ਮਸ਼ੀਨ ਤਿਆਰ ਕੀਤੀ ਹੈ ਅਤੇ ਪਾਇਲਟ ਪ੍ਰੋਜੈਕਟ ਵਜੋਂ ਇਸ ਨੂੰ ਨਜ਼ਦੀਕੀ ਪਿੰਡ ਖੁਆਸਪੁਰਾ, ਹੁਸੈਨਪੁਰ ਅਤੇ ਲਾਡਲ ਲਈ ਲਾਇਆ ਗਿਆ ਹੈ। ਸੈਮੀਨਾਰ ਨੂੰ ਉਕਤ ਟਰਸਟ ਦੇ ਬਾਨੀ ਡਾ: ਮਾਈਕਲ ਉਗਲਿਸਬੇ, ਉਕਤ ਯੂਨੀਵਰਸਿਟੀ ਅਧੀਨ ਬਿਜਨਸ ਸਕੂਲ ਦੇ ਪ੍ਰੋ: ਪ੍ਰਸ਼ਾਂਤਾ ਡੇਅ, ਯੂਨੀਵਰਸਿਟੀ ਦੇ ਬਾਇਓਅਨਰਜੀ ਵਿਭਾਗ ਦੇ ਪ੍ਰੋ: ਸੁਧਾਕਰ ਸਾਗੀ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਯੂਨੀਵਰਸਿਟੀ ਮਾਹਿਰਾਂ ਨੇ ਚੀਮਾ ਬਾਇਲਰ ਲਿਮਿ: ਦੇ ਐਮ. ਡੀ. ਐਚ. ਐਸ. ਚੀਮਾ, ਡਾ: ਸੰਜੀਵ ਸੋਨੀ ਤੇ ਪ੍ਰੋ: ਆਰ. ਤਿਵਾੜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ: ਸਤਵੀਰ ਸਿੰਘ, ਡਾ: ਰੁਪਿੰਦਰ ਅਰੋੜਾ, ਡਾ: ਵਰਿੰਦਰ ਸਿੰਘ, ਡਾ: ਮੋਨਿਕਾ ਅਤੇ ਡਾ: ਜਸਕਰਨ ਸਿੰਘ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਆਦਿ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ 'ਤੇ ਡਾ: ਆਰ. ਐਸ. ਸੰਗਵਾਨ ਮੁਹਾਲੀ, ਵਿਜੇ ਕਤਿਆਲ ਰੂਪਨਗਰ, ਪੰਜਾਬ ਨੈਸ਼ਨਲ ਬੈਂਕ ਦੇ ਡੀ. ਜੀ. ਐਮ. ਦਿਨੇਸ਼ ਕੁਮਾਰ ਸ਼ਰਮਾ, ਪ੍ਰੋ: ਐਨ. ਸੱਤਿਆਰਮੂਰਤੀ ਮੁਹਾਲੀ, ਪ੍ਰੋ: ਐਸ. ਸੀ. ਮੁਕੰੁਡਾ ਬੰਗਲੌਰ, ਪ੍ਰੋ: ਐਸ. ਐਮ. ਮੁਸ਼ਤਿਹਾਕ ਦਿੱਲੀ, ਡਾ: ਨੀਲਿਮਾ ਜੈਰਥ, ਡਾ: ਬਲਵਿੰਦਰ ਸਿੰਘ ਸਿੱਧੂ, ਪ੍ਰੋ: ਰੁਪਿੰਦਰ ਤਿਵਾੜੀ, ਪ੍ਰੋ: ਐਸ. ਐਮ. ਗੁਪਤਾ, ਸੁਖਮੀਤ ਸਿੰਘ, ਪ੍ਰੋ: ਡਾਮੇ ਜੂਲੀਆ ਕਿੰਗ, ਆਈ. ਆਈ. ਟੀ. ਦੇ ਪ੍ਰੋ: ਹਰਪ੍ਰੀਤ ਸਿੰਘ ਆਦਿ ਸ਼ਾਮਿਲ ਸਨ। ਇਸ ਸੈਮੀਨਾਰ ਉਪਰੰਤ ਸੈਮੀਨਾਰ ਵਿਚ ਸ਼ਾਮਿਲ ਸਮੁੱਚੇ ਲੋਕਾਂ ਨੇ ਪਿੰਡ ਖੁਆਸਪੁਰਾ ਵਿਖੇ ਪਰਾਲੀ ਤੋਂ ਬਿਜਲੀ, ਤੇਲ ਅਤੇ ਖਾਦ ਤਿਆਰ ਕਰਨ ਵਾਲੀ ਮਸ਼ੀਨ ਦਾ ਉਦਘਾਟਨ ਕੀਤਾ ਤੇ ਉਸ ਨੂੰ ਚੱਲਦਿਆਂ ਵੇਖਿਆ।